**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-04/85-2016-ਅਮਲਾ-1(1)** 9862-65

**ਮਿਤੀ ਮੋਹਾਲੀ:-18/10/2017**

ਇਸ ਦਫਤਰ ਵਲੋਂ ਸ਼੍ਰੀ ਕੇਸਵ ਚੰਦਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-2 ਬੀ ਵਿਰੁੱਧ ਹੁਕਮ ਨੰਬਰ:- 04/85-2016-ਅਮਲਾ-1(1) ਮਿਤੀ 03/10/2016 ਅਨੁਸਾਰ ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਜਿਸ ਅਨੁਸਾਰ ਇਹ ਦੋਸ਼ ਲਗਾਏ ਗਏ ਸਨ ਕਿ ਸਿਵਲ ਰਿੱਟ ਪਟੀਸ਼ਨ ਨੰਬਰ:-10820 ਆਫ 2016-ਮਨਜੀਤ ਸਿੰਘ ਬਨਾਮ ਪੰਜਾਬ ਸਰਕਾਰ ਵਿਚ ਜਵਾਬ ਦਾਅਵਾ ਸਮੇਂ ਸਿਰ ਐਡਵੋਕੇਟ ਜਨਰਲ ਪੰਜਾਬ, ਚੰਡੀਗੜ੍ਹ ਦੇ ਦਫਤਰ ਤੋਂ ਵੈੱਟ ਕਰਵਾ ਕੇ ਦਾਇਰ ਨਹੀਂ ਕੀਤਾ। ਇਸ ਕੇਸ ਵਿਚ ਇਸ ਦਫਤਰ ਵਲੋਂ ਲਿਖਤੀ ਰੂਪ ਵਿਚ ਆਦੇਸ਼ ਦੇਣ ਦਾ ਬਾਵਜੂਦ ਮਿਤੀ 29/06/2016 ਨੂੰ ਹਾਈ ਕੋਰਟ ਵਿਖੇ ਪੇਸ਼ੀ ਵੀ ਅਟੈਂਡ ਨਹੀਂ ਕੀਤੀ ਗਈ।

ਇਸ ਮਾਮਲੇ ਦੀ ਪੜਤਾਲ ਜਿਲ੍ਹਾ ਸਿਖਿਆ ਅਫਸਰ (ਸੈ:ਸਿ:) ਹੁਸ਼ਿਆਰਪੁਰ ਤੋਂ ਕਰਵਾਈ ਗਈ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਨੁਸਾਰ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ ਸਿੱਧ ਕੀਤੇ ਗਏ। ਇਸ ਉਪਰੰਤ ਨਿਯਮਾਂ ਅਨੁਸਾਰ ਯੋਗ ਵਿਧੀ ਅਪਨਾਉਂਦੇ ਹੋਏ ਪੜਤਾਲੀਆ ਰਿਪੋਰਟ ਦੀ ਕਾਪੀ ਭੇਜ ਕੇ ਦੋਸ਼ੀ ਅਧਿਕਾਰੀ ਤੋਂ ਉਸ ਦੇ ਬਚਾਅ ਪੱਖ ਵਿਚ ਲਿਖਤੀ ਰੂਪ ਵਿਚ ਕੁਝ ਕਹਿਣ ਦਾ ਮੌਕਾ ਦਿੱਤਾ ਗਿਆ। ਇਸ ਅਧਿਕਾਰੀ ਵਲੋਂ ਪੇਸ਼ ਕੀਤੇ ਗਏ ਬਚਾਅ ਪੱਖ ਨੂੰ ਮੁੜ ਵਿਚਾਰਦੇ ਹੋਏ ਨਿੱਜੀ ਪੱਧਰ ਤੇ ਹਾਜਰ ਹੋ ਕੇ ਆਪਣਾ ਪੱਖ ਕਹਿਣ ਦਾ ਮੌਕਾ ਦਿੰਦੇ ਹੋਏ ਨਿੱਜੀ ਸੁਣਵਾਈ ਦੇ ਕੇ ਸੁਣਿਆ ਗਿਆ। ਪਰ ਇਹ ਅਧਿਕਾਰੀ ਵਿਚ ਕੇਸ ਵਿਚ ਵਰਤੀ ਗਈ ਅਣਗਹਿਲੀ ਸਬੰਧੀ ਕੋਈ ਠੋਸ ਕਾਰਨ ਜਾਂ ਕੋਈ ਠੋਸ ਸਬੂਤ ਪੇਸ਼ ਨਹੀ ਕਰ ਸਕਿਆ।

ਮਿਤੀ 29/06/2016 ਨੂੰ ਸਿਵਲ ਰਿੱਟ ਪਟੀਸ਼ਨ ਵਿਚ ਪੇਸ਼ੀ ਅਟੈਂਡ ਕਰਨ ਦਾ ਕਾਰਨ ਉਸ ਦੀ ਅਚਾਨਕ ਸਿਹਤ ਖਰਾਬ ਹੋ ਜਾਣ ਕਰਕੇ ਦੱਸਿਆ ਗਿਆ, ਪਰ ਇਸ ਮਾਮਲੇ ਦੀ ਗੰਭੀਰਤਾ ਨੂੰ ਧਿਆਨ ਵਿਚ ਲਿਆਉਂਦੇ ਹੋਏ ਇਸ ਕੇਸ ਦੀ ਪੇਸ਼ੀ ਅਟੈਂਡ ਕਰਨ ਲਈ ਕਿਸੇ ਹੋਰ ਕਰਮਚਾਰੀ ਜਾਂ ਅਧਿਕਾਰੀ ਨੂੰ ਸੂਚਿਤ ਨਹੀਂ ਕੀਤਾ ਗਿਆ, ਅਤੇ ਨਾ ਇਸ ਸਬੰਧੀ ਵਿਭਾਗ ਦੇ ਉੱਚ ਅਧਿਕਾਰੀ ਸਹਿਬਾਨ ਜੀ ਦੇ ਧਿਆਨ ਵਿਚ ਮਾਮਲਾ ਲਿਆਂਦਾ ਗਿਆ। ਜਦੋਂ ਕਿ ਇਸ ਅਧਿਕਾਰੀ ਦੇ ਜਿੰਮੇਵਾਰੀ ਵਾਲੇ ਆਹੁਦੇ ਤੇ ਤੈਨਾਤ ਹੁੰਦੇ ਹੋਏ ਇਹ ਫਰਜ ਬਣਦਾ ਸੀ ਕਿ ਜੇਕਰ ਉਸ ਦੀ ਅਚਾਨਕ ਸਿਹਤ ਵਿਗੜ ਗਈ ਤਾਂ ਉਹ ਇਸ ਕੇਸ ਦੀ ਪੇਸ਼ੀ ਅਟੈਂਡ ਕਰਨ ਲਈ ਦਫਤਰ ਦੇ ਕਿਸੇ ਹੋਰ ਅਧਿਕਾਰੀ ਜਾਂ ਕਰਮਚਾਰੀ ਦੀ ਡਿਊਟੀ ਲਗਾ ਦਿੰਦਾ ਜਾਂ ਉਸ ਵਕਤ ਆਪਣੀ ਮਜਬੂਰੀ ਦੱਸਦੇ ਹੋਏ ਮਾਮਲਾ ਜੁਬਾਨੀ/ਲਿਖਤੀ ਜਾਂ ਟੈਲੀਫੋਨੀਕਲੀ ਵਿਭਾਗ ਦੇ ਉੱਚ ਅਧਿਕਾਰੀ ਦੇ ਧਿਆਨ ਵਿਚ ਲਿਆ ਕਿ ਇਸ ਕੇਸ ਦੀ ਪੇਸ਼ੀ ਅਟੈਂਡ ਕਰਵਾਈ ਜਾਂਦੀ। ਪਰ ਇਸ ਅਧਿਕਾਰੀ ਵਲੋਂ ਅਜਿਹਾ ਨਹੀਂ ਕੀਤਾ ਗਿਆ। ਜਿਸ ਕਰਕੇ ਇਹ ਸਪੱਸ਼ਟ ਹੁੰਦਾ ਹੈ ਕਿ ਸ਼੍ਰੀ ਕੇਸਵ ਚੰਦਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-2 ਬੀ

ਵਲੋਂ ਇਸ ਕੇਸ ਦਾ ਜਵਾਬ ਦਾਅਵਾ ਸਮੇਂ ਸਿਰ ਦਾਇਰ ਨਹੀਂ ਕਰਵਾਇਆ ਅਤੇ ਨਾ ਹੀ ਮਿਤੀ 29/06/2016 ਨੂੰ ਇਸ ਕੇਸ ਦੀ ਪੇਸ਼ੀ ਅਟੈਂਡ ਕੀਤੀ। ਇਹ ਮਾਮਲਾ ਇਸ ਦਫਤਰ ਦੇ ਧਿਆਨ ਵਿਚ ਆਉਣ ਤੇ ਵਿਭਾਗ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਅਤੇ ਇਸ ਕੇਸ ਦੀ ਪੇਸ਼ੀ ਮੌਕੇ ਮਾਨਯੋਗ ਅਦਾਲਤ ਵਿਚ ਹਾਜਰ ਹੋ ਕੇ ਕੇਸ ਦੀ ਪੈਰਵੀ ਕੀਤੀ ਗਈ।

ਉਪਰੋਕਤ ਦਰਸਾਈ ਗਈ ਸਥਿਤੀ ਦੇ ਸੰਨਮੁੱਖ ਮੈਂ ਇਸ ਨਤੀਜੇ ਤੇ ਪੁੱਜਾ ਹਾਂ ਕਿ ਸ਼੍ਰੀ ਕੇਸਵ ਚੰਦਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-2 ਬੀ (ਹੁਸ਼ਿਆਰਪੁਰ) ਵਿਰੁੱਧ ਲਗਾਏ ਗਏ ਦੋਸ਼ ਸਿੱਧ ਹੁੰਦੇ ਹਨ।

ਇਸ ਮਾਮਲੇ ਨੂੰ ਗਹੁ ਨਾਲ ਵਿਚਾਰਦੇ ਹੋਏ ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਸ਼੍ਰੀ ਕੇਸਵ ਚੰਦਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-2 ਬੀ (ਹੁਸ਼ਿਆਰਪੁਰ) ਦੀ ਰਿਟਾਇਰਮੈਂਟ ਦੀ ਮਿਤੀ 31/03/2017 ਉਪਰੰਤ ਉਸ ਦੀ ਪੈਨਸ਼ਨ ਵਿਚੋਂ 5% ਕੱਟ ਇਕ ਸਾਲ ਲਈ ਲਗਾਉਣ ਦੇ ਹੁਕਮ ਦਿੰਦਾ ਹਾਂ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ;ਸਿ;) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** **ਮਿਤੀ ਮੋਹਾਲੀ:-** 3-11-17

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਹੁਕਮਾਂ ਅਨੁਸਾਰ ਬਣਦੀ ਕਾਰਵਾਈ ਕਰਨ ਉਪਰੰਤ ਹੁਕਮਾਂ ਦੀ ਪਾਲਣਾ ਰਿਪੋਰਟ 07 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਹੁਸ਼ਿਆਰਪੁਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-2 ਬੀ (ਹੁਸ਼ਿਆਰਪੁਰ)
5. ਸ਼੍ਰੀ ਕੇਸਵ ਚੰਦਰ, ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਹੁਸ਼ਿਆਰਪੁਰ-2 ਬੀ (ਹੁਸ਼ਿਆਰਪੁਰ)।
6. ਐਮ.ਆਈ.ਐਸ.ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

**ਸੁਪਰਡੰਟ (ਅਮਲਾ)**

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-18/65-2017-ਅਮਲਾ-1(1)**

**ਮਿਤੀ ਮੋਹਾਲੀ:-18/10/2017-11-05**

ਸ਼੍ਰੀਮਤੀ ਨਰਿੰਦਰਜੀਤ ਕੌਰ, ਈ.ਟੀ.ਟੀ. ਟੀਚਰ, ਸ:ਐ:ਸ: ਬਹਿਰਾਮ, (ਸ:ਭ:ਸ: ਨਗਰ) ਮਿਤੀ 23/08/2017 ਤੋਂ 21/09/2017 ਤੱਕ ਵਿਦੇਸ਼ ਛੁੱਟੀ ਪ੍ਰਵਾਨ ਕਰਵਾ ਕੇ ਵਿਦੇਸ਼ ਗਈ ਸੀ। ਜਿਸ ਅਨੁਸਾਰ ਉਸ ਨੇ ਮਿਤੀ 22/09/2017 ਨੂੰ ਆਪਣੀ ਡਿਊਟੀ ਤੇ ਹਾਜਰ ਹੋਣਾ ਸੀ। ਪਰ ਇਹ ਟੀਚਰ ਮਿਤੀ 23/09/2017 ਨੂੰ ਵਿਦੇਸ਼ ਤੋਂ ਭਾਰਤ ਵਾਪਿਸ ਪਰਤੀ ਅਤੇ ਆਪਣੀ ਹਾਜਰੀ ਰਿਪੋਰਟ ਪੇਸ਼ ਕੀਤੀ ਗਈ। ਇਸ ਟੀਚਰ ਨੂੰ ਸਰਕਾਰ ਦੀਆਂ ਹਦਾਇਤਾਂ ਪੱਤਰ ਮਿਤੀ 22/4/1992 ਅਨੁਸਾਰ ਡਿਊਟੀ ਤੇ ਹਾਜਰ ਹੋਣ ਦੀ ਆਗਿਆ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਉਸ ਵਿਰੁੱਧ ਲੇਟ ਡਿਊਟੀ ਤੇ ਹਾਜਰ ਹੋਣ ਸਬੰਧੀ ਚੱਲਣ ਵਾਲੀ ਵਿਭਾਗੀ/ਅਨੁਸ਼ਾਸ਼ਨੀ ਕਾਰਵਾਈ ਨੂੰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰੇਗੀ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 9892 **ਮਿਤੀ ਮੋਹਾਲੀ:-** 6-11-17

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਸ਼ਹੀਦ ਭਗਤ ਸਿੰਘ ਨਗਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਟੀਚਰ ਵਲੋਂ ਛੁੱਟੀ ਦੇ ਕੇਸ ਵਿਚ ਪੇਸ਼ ਕੀਤੇ ਗਏ ਹਲਫੀਆਂ ਅਤੇ ਹੋਰ ਦਿੱਤੀਆਂ ਗਈਆਂ ਅੰਡਰਟੇਟਿੰਗਾਂ ਦੀ ਪਾਲਣਾ ਨਹੀਂ ਕੀਤੀ ਗਈ। ਇਸ ਲਈ ਇਸ ਟੀਚਰ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮਾਂ ਅਨੁਸਾਰ ਯੋਗ ਵਿਧੀ ਅਪਨਾ ਕੇ ਦੋਸ਼ ਸੂਚੀ ਜਾਰੀ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਇਸ ਮਾਮਲੇ ਦਾ ਨਿਪਟਾਰਾ ਸਮੇਂ ਸਿਰ ਕਰਕੇ ਢੁੱਕਵੀਂ ਸਜਾ ਦੇਣ ਉਪਰੰਤ ਗੈਰ ਹਾਜਰ ਸਮੇਂ ਦਾ ਫੈਸਲਾ ਕਰਨ ਲਈ ਤਜਵੀਜ ਇਸ ਦਫਤਰ ਨੂੰ ਭੇਜੀ ਜਾਵੇ।
2. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਸ਼ਹੀਦ ਭਗਤ ਸਿੰਘ ਨਗਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਬੰਗਾ (ਸ:ਭ:ਸ: ਨਗਰ)।
5. ਹੈੱਡ ਟੀਚਰ, ਸ:ਐ:ਸ: ਬਹਿਰਾਮ, ਬਲਾਕ ਬੰਗਾ (ਸ:ਭ:ਸ: ਨਗਰ)।
6. ਸ਼੍ਰੀਮਤੀ ਨਰਿੰਦਰਜੀਤ ਕੌਰ, ਈ.ਟੀ.ਟੀ. ਟੀਚਰ, ਸ:ਐ:ਸ: ਬਹਿਰਾਮ, ਬਲਾਕ ਬੰਗਾ (ਸ:ਭ:ਸ: ਨਗਰ)
7. ਐਮ.ਆਈ.ਐਸ ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਲਈ।

**ਸੁਪਰਡੰਟ (ਅਮਲਾ)**

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ ( ਐ:ਸਿ:) ਪੰਜਾਬ, ਚੰਡੀਗੜ
### (ਅਮਲਾ-1 ਸ਼ਾਖਾ)

ਹੁਕਮ ਨੰ:-18/96-17 ਅਮਲਾ-1(1)

ਮਿਤੀ : 18-10-2017

ਸ਼੍ਰੀਮਤੀ ਸ਼ਬਨਮ ਖੰਨਾਂ, ਹੈੱਡ ਟੀਚਰ, ਸ:ਐ:ਸ: ਲਾਂਬੜਾ, ਬਲਾਕ ਈਸਟ-3 (ਜਲੰਧਰ) ਮਿਤੀ 18/08/2017 ਤੋਂ 16/10/2017 ਤੱਕ ਛੁੱਟੀ ਵਿਦੇਸ਼ ਜਾਣ ਦੇ ਮੰਤਵ ਲਈ ਪ੍ਰਵਾਨ ਕਰਵਾ ਕੇ ਵਿਦੇਸ਼ ਗਈ ਸੀ। ਪਰ ਇਹ ਟੀਚਰ ਮਿਤੀ 16/10/2017 ਨੂੰ ਭਾਰਤ ਵਾਪਿਸ ਪਰਤੀ ਹੈ ਅਤੇ ਹੁਣ ਇਸ ਵਲੋਂ ਮਿਤੀ 16/10/2017 ਨੂੰ ਦਿੱਤੀ ਗਈ ਪ੍ਰਤੀ ਬੇਨਤੀ ਦੇ ਅਧਾਰ ਤੇ ਮਿਤੀ 17/10/2017 ਤੋਂ ਡਿਊਟੀ ਤੇ ਹਾਜਰ ਹੋਣ ਦੀ ਆਗਿਆ ਦਿੱਤੀ ਜਾਂਦੀ ਹੈ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)**
**ਪੰਜਾਬ, ਮੋਹਾਲੀ।**

ਪਿੱਠ ਅੰਕਣ ਨੰ. ਉਕਤ 9899 ਮਿਤੀ : 6/11/17

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਐ:ਸਿ:) ਜਲੰਧਰ ਨੂੰ ਲਿਖਿਆ ਜਾਂਦਾ ਹੈ ਕਿ ਇਸ ਟੀਚਰ ਦੀ ਸੇਵਾ ਪੱਤਰੀ ਵਿਚ ਛੁੱਟੀ ਸਬੰਧੀ ਅੰਦਰਾਜ ਕਰਕੇ ਦਸਤਾਵੇਜੀ ਸਬੂਤ ਇਸ ਦਫਤਰ ਨੂੰ ਭੇਜੇ ਜਾਣ। ਇਸ ਦੇ ਨਾਲ ਹੀ ਹਾਜਰੀ ਰਿਪੋਰਟ ਦੀ ਕਾਪੀ ਵੀ ਇਸ ਦਫਤਰ ਨੂੰ ਭੇਜੀ ਜਾਵੇ।
2. ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਜਲੰਧਰ।
4. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਈਸਟ-3 (ਜਲੰਧਰ) ।
5. ਸਬੰਧਤ ਕਰਮਚਾਰਣ ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ।
6. ਐਮ.ਆਈ.ਐਸ.ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ ਪੰਜਾਬ ਨੂੰ ਵਿਭਾਗ ਦੀ ਸਾਈਟ ਦਾ ਪਾਉਣ ਲਈ

**ਸੁਪਰਡੰਟ (ਅਮਲਾ)**

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ ( ਐ:ਸਿ:) ਪੰਜਾਬ, ਚੰਡੀਗੜ
### (ਅਮਲਾ-1 ਸ਼ਾਖਾ)

ਹੁਕਮ ਨੰ. 18/128-17 ਅ1(1)
ਮਿਤੀ :- 02-11-2017

ਸ੍ਰੀਮਤੀ ਸੰਗੀਤਾ, ਈ.ਟੀ.ਟੀ. ਟੀਚਰ, ਸ.ਐ.ਸ. ਸੁਰਖਪੁਰ, ਬਲਾਕ ਕਪੂਰਥਲਾ-2, ਜਿਲਾ ਕਪੂਰਥਲਾ ਵਲੋਂ ਅਪਲਾਈ ਕੀਤੀ ਗਈ ਛੁੱਟੀ ਸਰਕਾਰ ਦੇ ਪੱਤਰ ਨੰ. 1/29/2012-1 ਸਿ-7 1711 ਮਿਤੀ 30-5-2012 ਵਿੱਚ ਦਿੱਤੀ ਅਗਵਾਈ ਅਨੁਸਾਰ ਵਿਦੇਸ਼ ਜਾਣ ਦੇ ਉਦੇਸ਼ ਲਈ ਕੇਵਲ ਮਿਤੀ 18-12-17 ਤੋਂ 20-22-2018 ਤੱਕ 65 ਦਿਨਾਂ ਤੱਕ ਦੀ ਅੱਧੀ ਤਨਖਾਹ ਛੁੱਟੀ ਅਪਲਾਈ ਕੀਤੀ ਹੈ। ਜਿਲ੍ਹਾ ਸਿਖਿਆ ਅਫਸਰ (ਐ:ਸਿ:) ਕਪੂਰਥਲਾ ਤੋਂ ਪ੍ਰਾਪਤ ਹੋਈ ਤਜਵੀਜ ਵਿਚਾਰਨ ਉਪਰੰਤ ਰੱਦ ਕੀਤੀ ਜਾਂਦੀ ਹੈ। ਇਹ ਟੀਚਰ ਵਿਦੇਸ਼ ਜਾਣ ਲਈ ਛੁੱਟੀ ਲਈ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਅਪਲਾਈ ਕਰ ਸਕਦੀ ਹੈ।

ਕ੍ਰਿਸ਼ਨ ਕੁਮਾਰ
ਸਕੱਤਰ ਪੰਜਾਬ ਸਰਕਾਰ
ਸਕੂਲ ਸਿਖਿਆ ਵਿਭਾਗ

ਪਿੱਠ ਅੰਕਣ ਨੰ. ਉਕਤ 9902 ਮਿਤੀ : 6/11/17

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਐ:ਸਿ:) ਕਪੂਰਥਲਾ ਨੂੰ ਉਹਨਾਂ ਦੇ ਪੱਤਰ ਨੰਬਰ:-ਅ-1/ਐ:ਸਿ:/2017/1870 ਮਿਤੀ 12/10/2017 ਦੇ ਹਵਾਲੇ ਵਿਚ।
2. ਐਮ.ਆਈ.ਐਸ. ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਨੂੰ ਵਿਭਾਗ ਦੀ ਸਾਈਟ ਤੇ ਅੱਪ ਲੋਡ ਕਰਨ ਲਈ।
3. ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ।
4. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਬਲਾਕ ਕਪੂਰਥਲਾ-2 (ਕਪੂਰਥਲਾ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਟੀਚਰ ਛੁੱਟੀ ਮੰਨਜੂਰ ਹੋਣ/ਰਲੀਵ ਕਰਨ ਤੋਂ ਪਹਿਲਾਂ ਸਕੂਲ ਵਿਚ ਹਾਜਰੀ ਯਕੀਨੀ ਬਣਾਈ ਜਾਵੇ। ਗੈਰ ਹਾਜਰੀ ਦੀ ਸੂਰਤ ਵਿਚ ਇਸ ਦਫਤਰ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ। ਜੇਕਰ ਇਹ ਟੀਚਰ ਆਪਣੀ ਡਿਊਟੀ ਤੇ ਸਮੇਂ ਸਿਰ ਹਾਜਰ ਨਹੀਂ ਹੁੰਦਾ ਹੈ ਤਾਂ ਇਸ ਦੀ ਸੂਚਨਾਂ ਇਸ ਦਫਤਰ ਨੂੰ ਸਿੱਧੇ ਤੌਰ ਤੇ ਹੀ ਭੇਜੀ ਜਾਣੀ ਯਕੀਨੀ ਬਣਾਈ ਜਾਵੇ। ਇਸ ਟੀਚਰ ਨੂੰ ਹਾਜਰ ਕਰਵਾਉਣ ਤੋਂ ਪਹਿਲਾਂ ਨਿਯਮਾਂ ਅਨੁਸਾਰ ਡਾਇਰੈਕਟੋਰੇਟ ਤੋਂ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਹਾਜਰ ਨਾ ਕਰਵਾਇਆ ਜਾਵੇ। ਇਸ ਸਬੰਧੀ ਵਰਤੀ ਜਾਣ ਵਾਲੀ ਕੁਤਾਹੀ ਲਈ ਬੀ.ਪੀ.ਈ.ਓ. ਨਿੱਜੀ ਪੱਧਰ ਤੇ ਜਿੰਮੇਵਾਰ ਹੋਣਗੇ। ਇਸ ਤੋਂ ਇਲਾਵਾ ਪਹਿਲਾਂ ਅਵੇਲ ਕੀਤੀ ਗਈ ਵਿਦੇਸ਼ ਛੁੱਟੀ ਦੇ ਅੰਦਰਾਜ ਸੇਵਾ ਪੱਤਰੀ ਵਿਚ ਕੀਤੇ ਜਾਣੇ ਯਕੀਨੀ ਬਣਾਏ ਜਾਣ।
5. ਸਬੰਧਤ ਕਰਮਚਾਰੀ।

ਸੁਪਰਡੰਟ (ਅਮਲਾ)